# ਖ਼ੁਲਾਸਾ ਖ਼ੁਤਬਾ ਜੁਮੱਾ 28.03.2014

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁੱਲਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :-

ਅੱਜ ਵੀ ਮੈਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਚਮਤਕਾਰਾਂ ਤੇ ਚਿੰਨ੍ਹਾ ਬਾਰੇ ਚੁਣੇ ਹੋਏ ਕਥਨ ਤੇ ਕੁਝ ਘਟਨਾਵਾਂ ਜੋ ਆਪਨੇ ਵਰਨਣ ਕੀਤੇ ਹਨ ਜਾਂ ਕੁਝ ਅਜਿਹੇ ਲੋਕਾਂ ਨੇ ਜੋ ਆਪ ਵਰਨਣ ਕੀਤੇ ਹਨ ਉਹ ਇਸ ਸਮੇਂ ਪੇਸ਼ ਕਰਾਂਗਾ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :

ਮੇਰੇ ਪੱਖ ਵਿੱਚ ਉਸ ਨੇ ਉਹ ਨਿਸ਼ਾਨ (ਚਿੰਨ੍ਹ) ਪ੍ਰਗਟ ਕੀਤੇ ਹਨ ਕਿ ਅੱਜ ਦੀ ਮਿਤੀ ਜੋ ਕਿ 16 ਜੁਲਾਈ 1906 ਈ. ਹੈ, ਜੇਕਰ ਮੈਂ ਇਹਨਾਂ ਨੂੰ ਵੱਖਰਿਆਂ ਵੱਖਰਿਆਂ ਗਿਣਤੀ ਕਰਾਂ ਤਾਂ ਮੈਂ ਰੱਬ ਦੀ ਸਹੁੰ ਖਾਕੇ ਕਹਿ ਸਕਦਾ ਹਾਂ ਕਿ ਉਹ ਤਿੰਨ ਲੱਖ ਤੋਂ ਵੀ ਵੱਧ ਹਨ ਅਤੇ ਜੇਕਰ ਕੋਈ ਮੇਰੀ ਸਹੁੰ ਦਾ ਵਿਸ਼ਵਾਸ ਨ ਵੀ ਕਰੇ ਤਾਂ ਮੈਂ ਉਸ ਨੂੰ ਸਬੂਤ ਦੇ ਸਕਦਾ ਹਾਂ । ਕੁਝ ਨਿਸ਼ਾਨ (ਚਮਤਕਾਰ) ਇਸ ਪ੍ਰਕਾਰ ਦੇ ਹਨ ਜਿੰਨ੍ਹਾ ਵਿੱਚ ਰੱਬ ਨੇ ਮੈਨੂੰ ਹਰ ਮੌਕੇ'ਤੇ ਆਪਣੇ ਵਾਦੇ ਅਨੁਸਾਰ ਮੈਨੂੰ ਵੈਰੀਆਂ ਦੀ ਚਾਲ ਤੋਂ ਸੁਰੱਖਿਅਤ ਰੱਖਿਆ ਅਤੇ ਕੁਝ ਨਿਸ਼ਾਨ ਇਸ ਪ੍ਰਕਾਰ ਦੇ ਹਨ ਜਿੰਨ੍ਹਾ ਵਿੱਚ ਹਰ ਮੌਕੇ'ਤੇ ਆਪਣੇ ਵਾਦੇ ਅਨੁਸਾਰ ਮੇਰੀਆਂ ਜ਼ਰੂਰਤਾਂ ਤੇ ਲੋੜਾਂ ਨੂੰ ਪੂਰਾ ਕੀਤਾ । ਕੁਝ ਨਿਸ਼ਾਨ ਇਸ ਪ੍ਰਕਾਰ ਦੇ ਹਨ ਜਿੰਨ੍ਹਾ ਵਿੱਚ ਉਸ ਨੇ ਆਪਣੇ ਵਾਦੇ ਮੁਜਬ (إِنِّي مُهِينٌ مَّنْ أَرَادَ إِهَانَتَكَ) ਇੰਨੀ ਮੁਹੀਨੁੰਮ ਮਨ ਅਰਾਦਾ ਇਹਾਨਾਤਾਕ' ਮੇਰੇ ਉਪੱਰ ਹਮਲਾ ਕਰਨ ਵਾਲਿਆਂ ਨੂੰ ਜ਼ਲੀਲ ਤੇ ਰੁਸਵਾ ਕੀਤਾ ਅਤੇ ਕੁਝ ਚਮਤਕਾਰ ਅਜਿਹੇ ਹਨ ਜੋ ਮੇਰੇ ਉਪੱਰ ਮੁਕਦੱਮਾ ਦਾਇਰ ਕਰਨ ਵਾਲਿਆਂ ਉਪੱਰ ਉਸਨੇ ਆਪਣੀ ਪੇਸ਼ਗੋਈ (ਭਵਿੱਖਵਾਣੀ) ਅਨੁਸਾਰ ਮੈਨੂੰ ਫ਼ਤਿਹ ਬਖ਼ਸ਼ੀ ।

ਕੁਝ ਨਿਸ਼ਾਨ ਇਸ ਪ੍ਰਕਾਰ ਦੇ ਹਨ ਮੇਰੇ ਪ੍ਰਗਟ ਹੋਣ ਦੇ ਸਮੇਂ ਕਰਕੇ ਪੈਦਾ ਹੁੰਦੇ ਹਨ ਕਿਉਂਕਿ ਜੱਦ ਤੋਂ ਦੁਨੀਆਂ ਬਣੀ ਹੈ ਇਹ ਇਹ ਸਮਾਂ ਕਿਸੇ ਝੂਠੇ ਨੂੰ ਨਸੀਬ ਨਹੀਂ ਹੋਇਆ ਅਤੇ ਕੁਝ ਨਿਸ਼ਾਨ ਇਸ ਯੁੱਗ ਦੀ ਅਵਸਥਾ ਨੂੰ ਦੇਖਦਿਆਂ ਹੋਇਆਂ ਪੈਦਾ ਹੁੰਦੇ ਹਨ ਅਰਥਾਤ ਇਹ ਕਿ ਜ਼ਮਾਨਾ ਕਿਸੇ ਇਮਾਮ (ਸੁਧਾਰਕ) ਦੇ ਪੈਦਾ ਹੋਣ ਦੀ ਲੋੜ ਸਵੀਕਾਰ ਕਰਦਾ ਹੈ । ਕੁਝ ਚਮਤਕਾਰ ਇਸ ਪ੍ਰਕਾਰ ਦੇ ਹਨ ਜਿੰਨ੍ਹਾ ਵਿੱਚ ਮਿਤੱਰਾਂ ਦੇ ਹੱਕ ਵਿੱਚ ਮੇਰੀਆਂ ਦੁਆਵਾਂ ਪਰਵਾਨ ਹੋਈਆਂ ਹਨ, ਕੁੱਝ ਚਮਤਕਾਰ ਅਜਿਹੇ ਹਨ ਸ਼ਰ ਪਸੰਦ ਦੁਸ਼ਮਣਾ ਬਾਰੇ ਮੇਰੀਆਂ ਬਦ ਦੁਆਵਾਂ ਦਾ ਪ੍ਰਭਾਵ ਹੋਇਆ ਅਤੇ ਕੁਝ ਚਮਤਕਾਰ ਅਜਿਹੇ ਹਨ ਕਿ ਮੇਰੀਆਂ ਦੁਆਵਾਂ ਸਬਬ ਕੁਝ ਖ਼ਤਰਨਾਕ ਰੋਗੀਆਂ ਨੇ ਸਵਾਸਥ ਪ੍ਰਾਪਤ ਕੀਤਾ ਅਤੇ ਉਹਨਾਂ ਦੇ ਸਵਸਥ ਹੋਣ ਬਾਰੇ ਪਹਿਲਾਂ ਮੈਨੂੰ ਖ਼ਬਰ ਦਿੱਤੀ ਗਈ । ਕੁਝ ਚਮਤਕਾਰ ਅਜਿਹੇ ਹਨ ਜੋ ਮੇਰੀ ਪ੍ਰਮਾਣਿਕਤਾ ਲਈ ਵੱਡੇ ਵੱਡੇ ਮੰਨੇ ਪ੍ਰਮੰਨੇ ਲੋਕਾਂ ਨੂੰ ਜੋ ਅਧਿਆਤਮਕਤਾ ਲਈ ਪ੍ਰਸਿੱਧ ਸਨ, ਸਪੁਨੇ ਆਏ ਅਤੇ ਉਹਨਾਂ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੂੰ ਸੁਪਨੇ ਵਿੱਚ ਦੇਖਿਆ ਜਿਵੇਂ ਸਜੱਾਦਾ ਨਸ਼ੀਨ ਸਾਹਬ ਅਲਅਕਮ ਸਿੰਧ ਜਿੰਨ੍ਹਾ ਦੇ ਲਗਭਗ ਇਕ ਲੱਖ ਮੁਰੀਦ ਸਨ, ਅਤੇ ਜਿਵੇਂ ਖ਼ਵਾਜਾ ਗ਼ੁਲਾਮ ਫ਼ਰੀਦ ਸਾਹਬ ਚਾਚੜਾਂ ਵਾਲੇ ਆਦਿ । ਕੁਝ ਨਿਸ਼ਾਨ ਇਸ ਪ੍ਰਕਾਰ ਦੇ ਹਨ ਕਿ ਹਜ਼ਾਰਾਂ ਹੀ ਮਨੁੱਖਾਂ ਨੇ ਕੇਵਲ ਇਸ ਕਰਕੇ ਮੇਰੀ ਬੈਅਤ ਕੀਤੀ ਕਿ ਉਹਨਾਂ ਨੂੰ ਸੁਪਨੇ ਵਿੱਚ ਦੱਸਿਆਂ ਗਿਆ ਕਿ ਇਹ ਸਚੱਾ ਹੈ ਅਤੇ ਰੱਬ ਵੱਲੋਂ ਹੈ ਅਤੇ ਕਈਆਂ ਨੇ ਇਸ ਕਰਕੇ ਬੈਅਤ ਕੀਤੀ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੂੰ ਸੁਪਨੇ ਵਿੱਚ ਦੇਖਿਆ ਅਤੇ ਆਪ ਨੇ ਫ਼ਰਮਾਇਆ ਕਿ ਦੁਨੀਆ ਖ਼ਤਮ ਹੋਣ ਨੂੰ ਹੈ ਅਤੇ ਇਹ ਰੱਬ ਦਾ ਅੰਤਮ ਖ਼ਲੀਫ਼ਾ ਤੇ ਮਸੀਹ ਮਊਦ ਹੈ । ਕਈ ਨਿਸ਼ਾਨ ਇਸ ਪ੍ਰਕਾਰ ਦੇ ਹਨ ਜੋ ਕੁਝ ਅਧਿਆਤਮਕ ਤੌਰ'ਤੇ ਰੱਬ ਨਾਲ ਸੰਬੰਧ ਰੱਖਣ ਵਾਲਿਆਂ ਨੇ ਮੇਰੀ ਪੈਦਾਇਸ਼ ਜਾਂ ਜੁਆਨ ਹੋਣ ਤੋਂ ਪਹਿਲਾਂ ਮੇਰਾ ਨਾਂ ਲੈਕੇ ਮੇਰੇ ਮਸੀਹ ਮਊਦ ਹੋਣ ਦੀ ਖ਼ਬਰ ਦਿੱਤੀ ਜਿਵੇਂ ਨੇਮਤੁਲੱਾਹ ਵਲੀ ਅਤੇ ਅਤੇ ਮੀਆਂ ਗ਼ੁਲਾਬ ਸ਼ਾਹ ਵਾਸੀ ਜਮਾਲਪੁਰ, ਜ਼ਿਲਾ ਲੁਧਿਆਣਾ ।

ਫ਼ਿਰ ਇਕ ਥਾਂ ਆਪ ਬਿਆਨ ਫ਼ਰਮਾਉਂਦੇ ਹਨ ਕਿ :

ਅਰਥਾਤ ਕਸ਼ਫ਼ੇ ਕਬੂਰ ਇਹ ਹੈ ਕਿ ਮੁਰਦੇ ਦੇ ਹਾਲਾਤ ਪਤਾ ਕਰਕੇ ਦੱਸ ਕਸਦਾ ਹਾਂ ਜਾਂ ਮੁਲਾਕਾਤ ਕਰਵਾ ਸਕਦਾ ਹਾਂ । ਤਾਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਇਸ ਬਾਰੇ ਫ਼ਾਰਮਾਉਂਦੇ ਹਨ ਕਿ

ਇਕ ਲੰਮੇ ਸਮੇਂ ਪਹਿਲਾਂ ਰੱਬ ਨੇ ਫ਼ਰਮਾਇਆ ਸੀ ਕਿ, 'ਯਾਤੂਨਾ ਮਿਨ ਕੁੱਲੇ ਫ਼ੱਜਿਨ ਅਮੀਕ ਵ ਯਾਤੀਕਾ ਮਿਨ ਕੁੱਲੇ ਫ਼ੱਜਿਨ ਅਮੀਕ' ਅਤੇ ਅਜਿਹੇ ਸਮੇਂ ਫ਼ਰਮਾਇਆ ਸੀ ਕਿ ਕੋਈ ਮਨੁੱਖ ਵੀ ਮੈਂਨੂੰ ਨਹੀਂ ਜਾਣਦਾ ਸੀ । ਹੁਣ ਇਹ ਪੇਸ਼ਗੋਈ (ਭਵਿੱਖਬਾਣੀ) ਕਿੰਨ੍ਹੇ ਜ਼ੋਰ ਸ਼ੋਰ ਨਾਲ ਪੂਰੀ ਹੋ ਰਹੀ ਹੈ । ਕੀ ਇਸ ਦੀ ਕੋਈ ਨਜ਼ੀਰ ਵੀ ਹੈ ? ਫ਼ਿਰ ਆਪ ਫ਼ਰਮਾਉਂਦੇ ਹਨ :

ਦੇਖੋ, ਮੈਂ ਸੱਚ ਸੱਚ ਕਹਿੰਦਾ ਹਾਂ ਕਿ ਤੁਸੀਂ ਖ਼ੁਦਾ ਤਆਲਾ ਦੀਆਂ ਆਇਤਾਂ ਦੀ ਬੇ ਅਦਬੀ ਨ ਕਰੋ ਅਤੇ ਉਹਨਾਂ ਨੂੰ ਹਕੀਰ ਨ ਜਾਣੋ ਕਿ ਇਹ ਵੰਚਿਤ ਰਹਿ ਜਾਣ ਦੇ ਨਿਸ਼ਾਨ ਹਨ ਅਤੇ ਰੱਬ ਇਸਨੂੰ ਪਸੰਦ ਨਹੀਂ ਕਰਦਾ । ਅਜੇ ਕੱਲ ਦੀ ਹੀ ਤਾਂ ਗੱਲ ਹੈ ਕਿ ਲੇਖਰਾਮ ਖ਼ੁਦਾ ਤਆਲਾ ਦੇ ਮਹਾਨ ਚਮਤਕਾਰ ਅਨੁਸਾਰ ਮਾਰਿਆ ਗਿਆ, ਕਰੋੜਾਂ ਲੋਕ ਇਸ ਪੇਸ਼ਗੋਈ ਦੇ ਗਵਾਹ ਹਨ । ਖ਼ੁੱਦ ਲੇਖਰਾਮ ਨੇ ਇਸ ਨੂੰ ਪ੍ਰਸਿੱਧੀ ਦਿੱਤੀ, ਉਹ ਜਿੱਥੇ ਜਾਂਦਾ ਇਹ ਵਰਨਣ ਕਰਦਾ ਕਿ ਇਹ ਚਮਤਕਾਰ ਇਸਲਾਮ ਦੀ ਸੱਚਾਈ ਲਈ ਉਸ ਨੇ ਆਪ ਮੰਗਿਆ ਸੀ ਅਤੇ ਉਸਨੂੰ ਸੱਚੇ ਤੇ ਝੂਠੇ ਧਰਮ ਲਈ ਮਿਆਰ ਦੇ ਤੌਰ'ਤੇ ਕਾਇਮ ਕੀਤਾ ਗਿਆ ਸੀ । ਅੰਤ ਓਹ ਆਪ ਇਲਾਮ ਦੀ ਸੱਚਾਈ ਅਤੇ ਮੇਰੀ ਸੱਚਾਈ ਲਈ ਆਪਣੇ ਖ਼ੂਨ ਰਾਹੀਂ ਗਵਾਹੀ ਦੇਣ ਵਾਲਾ ਬਣ ਗਿਆ । ਇਸ ਚਮਤਕਾਰ ਨੂੰ ਝੁਠਲਾਉਂਣਾ ਅਤੇ ਇਸ ਦੀ ਪਰਵਾਹ ਨ ਕਰਨਾ, ਇਹ ਕਿੰਨ੍ਹਾ ਅਨਿਆਏ ਤੇ ਅਤਿਆਚਾਰ ਹੈ, ਫਿਰ ਅਜਿਹੇ ਖੁੱਲੇ ਤੇ ਸਪਸ਼ਟ ਚਮਤਕਾਰ ਦਾ ਇਨਕਾਰ ਕਰਨਾ ਤਾਂ ਆਪ ਲੇਖਰਾਮ ਬਣਨਾ ਹੈ ਅਤੇ ਹੋਰ ਕੀ ?

ਮੈਂਨੂੰ ਬਹੁਤ ਹੀ ਦੁੱਖ ਹੁੰਦਾ ਹੈ ਕਿ ਜਿਸ ਹਾਲ ਵਿੱਚ ਖ਼ੁਦਾ ਤਆਲਾ ਨੇ ਅਜਿਹਾ ਫ਼ਜ਼ਲ ਕੀਤਾ ਹੈ ਕਿ ਉਸ ਨੇ ਹਰ ਇਕ ਕੌਮ ਬਾਰੇ ਚਮਤਕਾਰ ਦਿਖਾਏ ਪ੍ਰਤਾਪੀ ਅਤੇ ਸਰੂਪੀ ਹਰ ਪ੍ਰਕਾਰ ਦੇ ਚਮਤਕਾਰ ਦਿੱਤੇ ਗਏ, ਫਿਰ ਇਹਨਾ ਨੂੰ ਰੱਦੀ ਵਾਂਗ ਸੁੱਟ ਦੇਣਾ, ਇਹ ਤਾਂ ਬਹੁਤ ਹੀ ਦੁਰਭਾਗੀ ਅਤੇ ਰੱਬ ਦੇ ਪ੍ਰਕੋਪ ਦਾ ਪਾਤਰ ਬਣਨਾ ਹੈ । ਜੋ ਰੱਬ ਦੀਆਂ ਅਇਤਾਂ ਦੀ ਪਰਵਾਹ ਨਹੀਂ ਕਰਦਾ ਹੈ ਉਹ ਚੇਤੇ ਰੱਖੇ ਕਿ ਰੱਬ ਵੀ ਉਸ ਦੀ ਪਰਵਾਹ ਨਹੀਂ ਕਰਦਾ । ਰੱਬ ਵੱਲੋਂ ਜੋ ਚਮਤਕਾਰ ਪ੍ਰਗਟ ਹੁੰਦੇ ਹਨ ਉਹ ਅਜਿਹੇ ਹੁੰਦੇ ਹਨ ਕਿ ਇਕ ਸੂਝਵਾਨ ਰੱਬ ਤਰਸੀ ਉਸਨੂੰ ਪਛਾਣ ਲੈਂਦਾ ਹੈ ਅਤੇ ਉਹਨਾਂ ਤੋਂ ਲਾਭ ਉਠਾਉਂਦਾ ਹੈ, ਪਰ ਜੋ ਸਮਝ ਨਹੀਂ ਰੱਖਦਾ ਅਤੇ ਰੱਬ ਦੇ ਖ਼ੌਫ਼ ਨੂੰ ਦ੍ਰਿਸ਼ਟੀ ਮੋਹਰੇ ਨਹੀਂ ਰੱਖਕੇ ਉਸ'ਤੇ ਗ਼ੌਰ ਨਹੀਂ ਕਰਦਾ ਉਹ ਵਾਂਜਿਆਂ ਰਹਿ ਜਾਂਦਾ ਹੈ ਕਿਉਂਕਿ ਉਹ ਇਹ ਚਾਹੁੰਦਾ ਹੈ ਕਿ ਦੁਨੀਆ, ਦੁਨੀਆ ਹੀ ਨ ਰਹੇ ਅਤੇ ਈਮਾਨ (ਵਿਸ਼ਵਾਸ) ਦੀ ਉਹ ਅਵਸਥਾ ਜੋ ਈਮਾਨ ਦੇ ਅੰਦਰ ਹੁੰਦੀ ਹੈ ਨ ਰਹੇ, ਅਜਿਹਾ ਰੱਬ ਕਦੇ ਨਹੀਂ ਕਰਦਾ । ਜੇਕਰ ਅਜਿਹਾ ਹੁੰਦਾ ਤਾਂ ਯਹੂਦੀਆਂ ਨੂੰ ਕੀ ਲੋੜ ਸੀ ਕਿ ਉਹ ਹਜ਼ਰਤ ਮਸੀਹ ਦਾ ਇਨਕਾਰ ਕਰਦੇ । ਮੂਸਾ ਅਲੈਹਿ ਸਲਾਮ ਦਾ ਇਨਕਾਰ ਕਿਉਂ ਹੁੰਦਾ ਅਤੇ ਫਿਰ ਸਭ ਤੋਂ ਵੱਧ ਕੇ ਹਜ਼ਰਤ ਮੁਹਮੱਦ ਸਲੱਲਾਹੁ ਅਲੈਹਿ ਵਸਲੱਮ ਨੂੰ ਕਸ਼ਟ ਕਿਉਂ ਝਲੱਣੇ ਪਏ । ਰੱਬ ਦਾ ਇਹ ਸੁਭਾਵ ਹੀ ਨਹੀਂ ਕਿ ਉਹ ਅਜਿਹੇ ਚਮਤਕਾਰ ਪ੍ਰਕਟ ਕਰੇ ਜਿਸ ਨਾਲ ਉਸਦੇ ਗ਼ੈਬ ਦਾ ਵਿਸ਼ਵਾਸ ਹੀ ਜਾਂਦਾ ਰਹੇ । ਇਕ ਜਾਹਲ ਤੇ ਅਸਭਯ ਰੱਬ ਦੀ ਮਰਿਆਦਾ ਤੋਂ ਅਨਜਾਣ ਉਸ ਗੱਲ ਨੂੰ ਚਮਤਕਾਰ ਜਾਂ ਚਿੰਨ੍ਹ ਕਹਿੰਦਾ ਹੈ ਜੋ ਗ਼ੈਬ ਉਪੱਰ ਈਮਾਨ ਦੀ ਮੱਦ ਵਿੱਚੋਂ ਨਿਕਲ ਜਾਵੇ, ਪਰ ਰੱਬ ਕਦੇ ਵੀ ਅਜਿਹਾ ਨਹੀਂ ਕਰਦਾ । ਸਾਡੀ ਜਮਾਤ ਲਈ ਰੱਬ ਨੇ ਕਦੇ ਕੋਈ ਘਾਟ ਨਹੀਂ ਕੀਤੀ, ਕੋਈ ਮਨੁੱਖ ਕਿਸੇ ਦੇ ਸਾਹਮਣੇ ਕਦੇ ਵੀ ਸ਼ਰਮਿੰਦਿਆਂ ਨਹੀਂ ਹੋ ਸਕਦਾ । ਜਿੰਨ੍ਹੇ ਵੀ ਲੋਕ ਇਸ ਜਮਾਤ ਵਿੱਚ ਦਾਖ਼ਲ ਹਨ ਉਹਨਾਂ ਵਿੱਚੋਂ ਇਕ ਵੀ ਨਹੀਂ ਜੋ ਇਹ ਕਹਿ ਸਕੇ ਮੈਂ ਕੋਈ ਨਿਸ਼ਾਨ (ਚਮਤਕਾਰ) ਨਹੀਂ ਦੇਖਿਆ । ਫ਼ਰਮਾਇਆ ਕਿ :

'ਬ੍ਰਾਹੀਨ ਅਹਮਦੀਆ' ਨੂੰ ਪੜ੍ਹੋ ਅਤੇ ਉਸ ਉਪੱਰ ਗ਼ੌਰ ਕਰੋ ਇਸ ਜ਼ਮਾਨੇ ਦੀਆਂ ਸਾਰੀਆਂ ਖ਼ਬਰਾਂ ਉਸ ਵਿੱਚ ਮੌਜੂਦ ਹਨ । ਮਿੱਤਰਾਂ ਬਾਰੇ ਵੀ ਹਨ ਦੁਸ਼ਮਣਾ ਬਾਰੇ ਵੀ, ਹੁਣ ਕੀ ਇਹ ਮਨੁਖੀ ਸ਼ਕਤੀ ਅੰਦਰ ਹੈ ਕਿ ਤੀਹ ਵਰ੍ਹੇ ਪਹਿਲਾਂ ਜੱਦ ਇਸ ਜਮਾਤ ਦਾ ਨਾਂ ਨਿਸ਼ਾਨ ਵੀ ਨਹੀਂ ਸੀ ਅਤੇ ਖ਼ੁੱਦ ਆਪਣੇ ਜੀਵਨ ਦਾ ਵੀ ਪਤਾ ਨਹੀਂ, ਹੋ ਸਕਦਾ ਹੈ ਕਿ ਮੈਂ ਇੰਨ੍ਹਾ ਸਮਾਂ ਰਹਾਂਗਾ ਜਾਂ ਨਹੀਂ । ਅਜਿਹੀਆਂ ਮਹਾਨ ਖ਼ਬਰਾਂ ਦੇਣਾ, ਫਿਰ ਉਹ ਪੂਰੀਆਂ ਵੀ ਹੋ ਜਾਣਾ, ਨ ਕੇਵਲ ਇਕ ਦੋ ਸਗੋਂ ਸਾਰੀ ਦੀ ਸਾਰੀ 'ਬ੍ਰਾਹੀਨ ਅਹਮਦੀਆ' ਅਹਮਦੀ ਲੋਕਾਂ ਦੇ ਘਰਾਂ ਵਿੱਚ ਵੀ ਹੈ, ਈਸਾਈਆਂ, ਆਰਿਆਂ (ਹਿੰਦੂ ਧਰਮ ਦਾ ਇਕ ਫ਼ਿਰਕਾ) ਅਤੇ ਸਰਕਾਰ ਕੋਲ ਵੀ ਮੌਜੂਦ ਹੈ । ਜੇਕਰ ਰੱਬ ਦਾ ਖ਼ੌਫ਼ ਅਤੇ ਸੱਚ ਦੀ ਭਾਲ਼ ਹੈ ਤਾਂ ਮੈਂ ਕਹਿੰਦਾ ਹਾਂ ਕਿ 'ਬ੍ਰਾਹੀਨ ਅਹਮਦੀਆ' ਦੇ ਚਿੰਨ੍ਹਾ ਉਪੱਰ ਹੀ ਨਿਰਣਾ ਕਰ ਲਓ । ਦੇਖੋ, ਉਸ ਸਮੇਂ ਜੱਦ ਮੈਂਨੂੰ ਕੋਈ ਨਹੀਂ ਜਾਣਦਾ ਸੀ ਅਤੇ ਕੋਈ ਏਧਰ ਆਉਦਾ ਵੀ ਨਹੀਂ ਸੀ, ਇਕ ਮਨੁੱਖ ਵੀ

ਮੇਰੇ ਨਾਲ ਨਹੀਂ ਸੀ । ਇਸ ਜਮਾਤ ਦੀ ਜੋ ਇੱਥੇ ਮੌਜੂਦ ਹੈ ਖ਼ਬਰ ਦਿੱਤੀ । ਜੇਕਰ ਇਹ ਪੇਸ਼ਗੋਈ ਕਾਲਪਨਿਕ ਤੇ ਫ਼ਰਜ਼ੀ ਸੀ ਤਾਂ ਫ਼ਿਰ ਅੱਜ ਇੱਥੇ ਐਨ੍ਹੀ ਵੱਡੀ ਜਮਾਤ ਕਿਉਂ ਹੈ ? ਅਤੇ ਜਿਸ ਮਨੁੱਖ ਨੂੰ ਕਾਦੀਆਂ ਤੋਂ ਬਾਹਰ ਇਕ ਮਨੁੱਖ ਵੀ ਨਹੀਂ ਜਾਣਦਾ ਸੀ ਅਤੇ ਜਿਸ ਬਾਰੇ ਬ੍ਰਾਹੀਨ ਵਿੱਚ ਕਿਹਾ ਗਿਆ ਸੀ ਕਿ :

(فحان ان تعان وتعرف بين الناس) ਅਰਥਾਤ ਉਹ ਸਮਾਂ ਆ ਗਿਆ ਹੈ ਕਿ ਤੇਰੀ ਮਦਦ ਕੀਤੀ ਜਾਵੇ ਅਤੇ ਤੈਨੂੰ ਲੋਕਾਂ ਵਿੱਚ ਜਾਣਕਾਰ ਤੇ ਪ੍ਰਸਿੱਧ ਕੀਤਾ ਜਾਵੇ । ਹਜ਼ੂਰ ਅਨਵਰ ਨੇ ਫ਼ਰਮਾਇਆ ਅੱਜ ਕੀ ਕਾਰਣ ਹੈ ਕਿ ਉਹ ਭਾਰਤ ਵਿੱਚ ਹੀ ਨਹੀਂ ਸਗੋਂ ਅਰਬ ਦੇਸ਼ਾਂ ਸ਼ਾਮ (ਸੀਰੀਆ) ਤੇ ਮਿਸਰ 'ਚੋਂ ਨਿਕਲ ਕੇ ਯੂਰੋਪ ਅਮਰੀਕਾ ਤੱਕ ਦੁਨੀਆ ਉਸਨੂੰ ਪਛਾਣਦੀ ਹੈ ਸਗੋਂ ਅਫ਼ਰੀਕਾ ਵਿੱਚ ਵੀ । ਪਿਛਲੇ ਦਿਨੀਂ ਅਰਬ ਦੁਨੀਆ ਲਈ ਕਾਦੀਆਂ ਤੋਂ ਤਿੰਨ ਦਿਨ (MTA TV ਚੈਨਲ ਦਾ) ਪ੍ਰੋਗ੍ਰਾਮ ਹੁੰਦਾ ਰਿਹਾ ਹੈ, ਇਸ ਨੇ ਤਾਂ ਅਰਬ ਦੁਨੀਆ ਵਿੱਚ ਤਹਿਲਕਾ ਮਚਾ ਦਿੱਤਾ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਜੇਕਰ ਇਹ ਰੱਬ ਦਾ ਕਲਾਮ ਨਹੀਂ ਸੀ ਅਤੇ ਰੱਬ ਦੀ ਇਛੱਾ ਦੇ ਵਿਪਰੀਤ ਇਕ ਝੂਠੇ ਦਾ ਮਨਸੂਬਾ ਸੀ ਤਾਂ ਰੱਬ ਨੇ ਉਸ ਦੀ ਮਦਦ ਕਿਉਂ ਕੀਤੀ ? ਕਿਉਂ ਉਸ ਲਈ ਅਜਿਹੇ ਸਾਧਨ ਤੇ ਸਬਬ ਪੈਦਾ ਕਰ ਦਿੱਤੇ ? ਕੀ ਇਕ ਸਭ ਕੁਝ ਮੈਂ ਆਪ ਬਣਾ ਲਿਆ ਹੈ । ਜੇਕਰ ਰੱਬ ਇਸੇ ਪ੍ਰਕਾਰ ਕਿਸੇ ਝੂਠੇ ਦਾ ਪੱਖ ਪੂਰਦਾ ਰਿਹਾ ਤਾਂ ਫਿਰ ਸੁਮਾਰਗ ਦੀ ਸਚੱਾਈ ਦਾ ਮਿਆਰ ਕੀ ਹੈ, ਤੁਸੀਂ ਆਪ ਹੀ ਇਸ ਦਾ ਉਤੱਰ ਦਿਓ । ਸੂਰਜ ਅਤੇ ਚੰਨ੍ਹ ਨੂੰ ਰਮਜ਼ਾਨ ਦੇ ਮਹੀਨੇ ਵਿੱਚ ਗ੍ਰਹਿਣ ਲੱਗਣਾ, ਕੀ ਇਹ ਮੇਰੀ ਆਪਣੀ ਸ਼ਕਤੀ ਵਿੱਚ ਸੀ ਕਿ ਮੈਂ ਆਪਣੇ ਸਮੇਂ ਵਿੱਚ ਕਰ ਲੈਂਦਾ ਅਤੇ ਜਿਵੇਂ ਹਜ਼ਰਤ ਮੁਹੱਮ ਸਲਲੱਾਹੁ ਅਲੈਹਿ ਵਸਲੱਮ ਨੇ ਉਸ ਨੂੰ ਸੱਚੇ ਮਹਦੀ ਦਾ ਚਮਤਕਾਰ ਮਿੱਥਿਆ ਅਤੇ ਖ਼ੁਦਾ ਤਆਲਾ ਨੇ ਇਸ ਚਮਤਕਾਰ ਨੂੰ ਮੇਰੇ ਦਾਵੇ ਦੇ ਸਮੇਂ ਪੂਰਾ ਕਰ ਦਿਤੱਾ, ਜੇਕਰ ਮੈਂ ਉਸ ਵੱਲੋਂ ਨਹੀਂ ਸੀ ਤਾਂ ਕੀ ਰੱਬ ਨੇ ਆਪ ਦੁਨੀਆ ਨੂੰ ਗੁਮਰਾਹ ਕੀਤਾ ? ਇਸ ਦਾ ਸੋਚਕੇ ਉਤੱਰ ਦੇਣਾ ਚਾਹੀਦਾ ਹੈ ਕਿ ਮੇਰੇ ਇਨਕਾਰ ਦਾ ਪ੍ਰਭਾਵ ਕਿੱਥੇ ਤੱਕ ਪੈਂਦਾ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੂੰ ਝੁਠਲਾਉਂਣਾ ਰੱਬ ਨੂੰ ਝੁਠਲਾਉਂਣਾ ਹੈ । ਇਸੇ ਪ੍ਰਕਾਰ ਐਨ੍ਹੇ ਚਮਤਕਾਰ ਹਨ ਕਿ ਉਹਨਾਂ ਦੀ ਗਿਣਤੀ ਦੋ ਚਾਰ ਨਹੀਂ ਸਗੋਂ ਹਜ਼ਾਰਾਂ ਲੱਖਾਂ ਤੱਕ ਹੈ, ਤੁਸੀਂ ਕਿਸ ਕਿਸ ਦਾ ਇਨਕਾਰ ਕਰਦੇ ਜਾਓਗੇ ?

ਇਸੇ ਬ੍ਰਾਹੀਨ ਵਿੱਚ ਇਹ ਵੀ ਲਿੱਖਿਆ ਹੈ । ਯਾਤੂਨਾ ਮਿਨ ਕੁੱਲੇ ਫ਼ੱਜਿਨ ਅਮੀਕ یاتون من کل فج عمیق

ਹੁਣ ਤੁਸੀਂ ਆਪ ਆਏ ਹੋ, ਤੁਸੀਂ ਇਕ ਨਿਸ਼ਾਨ ਪੂਰਾ ਕੀਤਾ ਹੈ. ਇਸ ਦਾ ਵੀ ਇਨਕਾਰ ਕਰੋ । ਜੇਕਰ ਇਸ ਨਿਸ਼ਾਨ ਨੂੰ ਜੋ ਤੁਸੀਂ ਆਪਣੇ ਆਉਣ ਲਾਨ ਪੂਰਾ ਕੀਤਾ ਹੈ, ਮਿਟਾ ਸਕਦੇ ਹੋ ਤਾਂ ਮਿਟਾਓ । ਮੈਂ ਫ਼ਿਰ ਕਹਿੰਦਾ ਹਾਂ, ਦੇਖੋ, ਅਲੱਾਹ ਦੀਆਂ ਆਇਤਾਂ ਦਾ ਖੰਡਨ ਚੰਗਾ ਨਹੀਂ ਹੁੰਦਾ ਇਸ ਨਾਲ ਰੱਬ ਦਾ ਪ੍ਰਕੋਪ ਭੜਕਦਾ ਹੈ । ਮੇਰੇ ਦਿਲ ਵਿਚ ਜੋ ਕੁਝ ਸੀ ਮੈਂ ਉਹ ਕਹਿ ਦਿੱਤਾ, ਹੁਣ ਮਨ੍ਹਣਾ ਜਾਂ ਨ ਮਨ੍ਹਣਾ ਤੁਹਾਡੇ ਅਧਿਕਾਰ ਵਿੱਚ ਹੈ ਅਲੱਾਹ ਤਆਲਾ ਚੰਗੀ ਤਰ੍ਹਾਂ ਜਾਣਦਾ ਹੈ ਕਿ ਮੈਂ ਸਚੱਾ ਹਾਂ ਅਤੇ ਉਸੇ ਵੱਲੋਂ ਆਇਆ ਹਾਂ ।

ਫਿਰ ਰੋਗਾਂ ਤੋਂ ਠੀਕ ਹੋਣ ਦੇ ਨਿਸ਼ਾਨ (ਚਮਤਕਾਰ) ਹਨ। ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ :

ਸਰਦਾਰ ਨਵਾਬ ਮੁਹਮੱਦ ਅਲੀ ਖਾਨ ਸਾਹਬ ਰਈਸ ਮਲੇਰਕੋਟਲਾ ਦਾ ਪੁਤੱਰ ਅਬਦੁਰ ਰਹੀਮ ਖਾਨ ਇਕ ਉਤੇਜਕ ਤਾਪ ਕਰਕੇ ਰੋਗੀ ਹੋ ਗਿਆ (ਬਹੁਤ ਤੇਜ਼ ਬੁਖ਼ਾਰ ਸੀ) ਅਤੇ ਕੋਈ ਬਚਣ ਦੀ ਆਸ ਦਿਖਾਈ ਨਹੀਂ ਦਿੰਦੀ ਸੀ ਸੰਭਵਤਾ ਮੁਰਦੇ ਦੇ ਹੁਕਮ ਵਿੱਚੋਂ ਸੀ । ਉਸ ਸਮੇਂ ਮੈਂ ਉਸ ਲਈ ਦੁਆ ਕੀਤੀ ਤਾਂ ਮਾਲੂਮ ਹੋਇਆ ਕਿ ਤਕਦੀਰ ਨ ਟਲੱਣ ਵੱਲ ਹੈ, ਉਸ ਸਮੇਂ ਮੈਂ ਜਨਾਬੇ ਇਲਾਹੀ ਵਿੱਚ ਬਿਨਤੀ ਕੀਤੀ ਕਿ ਹੇ, ਇਲਾਹੀ ਮੈਂ ਇਸ ਦੇ ਲਈ ਸ਼ਫ਼ਾਰਸ਼ ਕਰਦਾ ਹਾਂ । ਇਸ ਦੇ ਉਤੱਰ ਵਿੱਚ ਖ਼ੁਦਾ ਤਆਲਾ ਨੇ ਫ਼ਰਮਾਇਆ (من ذا الذی یشفع عندہ الا باذنہ۔) ਮੰਜ਼ਲੱਜ਼ੀ ਯਸ਼ਫ਼ਾਉ ਇੰਦਾਹੁ ਇਲੱਾ ਬਿ ਇਜ਼ਨਿਹ, ਅਰਥਾਤ ਕਿਸ ਦੀ ਮਜਾਲ ਹੈ ਕਿ ਬਿਨਾਂ ਇਲਾਹੀ ਹੁਕਮ ਦੇ ਕਿਸੇ ਦੀ ਸਫ਼ਾਰਸ਼ ਕਰ ਸਕੇ । ਕਾਂ ਮੈਂ ਖ਼ਾਮੋਸ਼ ਹੋ ਗਿਆ । ਇਸ ਤੋਂ ਬਾਦ ਬਿਨਾ ਦੇਰੀ ਦੇ ਇਹ ਇਲਹਾਮ ਹੋਇਆ, ਇਨੱਾਕਾ ਅੰਤਲ ਮਜਾਜ਼ انك انت المجاز۔ । ਅਰਥਾਤ ਤੈਨੂੰ ਸ਼ਫ਼ਾਰਸ਼ ਕਰਨ ਦੀ ਆਗਿਆ ਦਿੱਤੀ ਗਈ । ਫਿਰ ਮੈਂ ਬਹੁਤ ਹੀ ਮਿਨੰਤਾਂ ਤੇ ਰੋ ਰੋ ਕੇ ਦੁਆ ਕਰਨੀ ਸ਼ੁਰੂ ਕੀਤੀ ਤਾਂ ਖ਼ੁਦਾ ਤਆਲਾ ਨੇ ਮੇਰੀ ਦੁਆ ਕੁਬੂਲ ਕੀਤੀ ਅਤੇ ਲੜਕਾ ਸੰਭਵਤਾ ਕਬਰ 'ਚੋਂ

ਬਾਹਰ ਆਇਆ ਅਤੇ ਸਵਾਸਥ ਦੇ ਚਿੰਨ੍ਹ ਪ੍ਰਕਟ ਹੋਏ ਐਨ੍ਹਾ ਨਿਰਬਲ ਹੋ ਗਿਆ ਸੀ ਕਿ ਲੰਮੇ ਸਮੇਂ ਮਗਰੋਂ ਉਹ ਆਪਣੇ ਅਸਲ ਸ਼ਰੀਰ ਵੱਲ ਪਰਤਿਆ ਅਤੇ ਸਵਸਥ ਹੋ ਗਿਆ ।

ਫਿਰ ਵਿਰੋਧੀਆਂ ਦੇ ਹਲਾਕ ਹੋਣ ਦੇ ਨਿਸ਼ਾਨ ਹਨ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ :

ਇਕਤੱਰਵਾਂ ਨਿਸ਼ਾਨ ਜੋ ਕਿਤਾਬ ਸਿਰੁੱਲ ਖ਼ਿਲਾਫ਼ਹ ਦੇ ਪੰਨਾਂ 62 ਵਿੱਚ ਮੈਂ ਲਿੱਖਿਆ ਹੈ ਕਿ ਵਿਰੋਧੀਆਂ ਉਪੱਰ ਤਾਊਨ (ਪਲੇਗ) ਪੈਣ ਲਈ ਮੈਂ ਦੁਆ ਕੀਤੀ ਸੀ ਅਰਥਾ ਅਜਿਹੇ ਵਿਰੋਧੀ ਜਿੰਨ੍ਹਾ ਦੇ ਭਾਗ ਵਿੱਚ ਹਿਦਾਇਤ ਨਹੀਂ । ਸੋ, ਇਸ ਦੁਆ ਦੇ ਕਈ ਸਾਲ ਬਾਦ ਇਸ ਦੇਸ਼ ਵਿੱਚ ਤਾਊਨ ਦਾ ਗ਼ਲਬਾ ਹੋ ਗਿਆ ਅਤੇ ਕਈ ਕਰੜੇ ਵਿਰੋਧੀ ਇਸ ਦੁਨੀਆ'ਚੋਂ ਕੂਚ ਕਰ ਗਏ । ਇਸ ਤੋਂ ਬਾਦ ਇਹ ਇਲਹਾਮ ਹੋਇਆ ਕਿ, "ਐ ਬਸਾ ਖ਼ਾਨਾਏ ਦੁਸ਼ਮਨ ਤੂ ਵੀਰਾਨ ਕਰ ਦੀ ਗਈ" (ਫ਼ਾਰਸੀ ਵਿੱਚ ਅਰਥਾਤ ਤੂੰ ਕਈ ਦੁਸ਼ਮਣਾ ਦੇ ਘਰ ਵੀਰਾਨ ਕਰ ਦਿੱਤੇ ) ਕੁਬੂਲ ਹੋਕੇ ਪੇਸ਼ਗੋਈਆਂ ਅਨੁਸਾਰ ਤਾਊਨ ਦਾ ਪ੍ਰਕੋਪ ਉਹਨਾ ਉਪੱਰ ਅੱਗ ਵਾਂਗ ਵਰ੍ਹਿਆ ਅਤੇ ਕਈ ਹਜ਼ਾਰ ਦੁਸਮਨ ਜੋ ਮੈਂਨੂੰ ਝੁਠਲਾਉਂਦਾ ਅਤੇ ਬਦੀ ਨਾਲ ਮੇਰਾ ਨਾਂ ਲੈਂਦਾ ਸੀ ਮਾਰਿਆ ਗਿਆ । ਪਰ ਅਸੀਂ ਇਸ ਥਾਂ ਕੇਵਲ ਕੁਝ ਕਟੱੜ ਵਿਰੋਧੀਆਂ ਦਾ ਵਰਨਣ ਕਰਦੇ ਹਾਂ । ਸਭ ਤੋਂ ਪਹਿਲਾਂ ਮੌਲਵੀ ਰੁਸੁਲ ਬਾਬਾ ਵਾਸੀ ਅੰਮ੍ਰਿਤਸਰ ਵਰਨਣ ਯੋਗ ਹੈ ਜਿਸਨੇ ਮੇਰੇ ਰੱਦ ਵਿੱਚ ਮਿਤਾਬ ਲਿਖੀ ਅਤੇ ਬਹੁਤ ਕਠੋਰ ਭਾਸ਼ਾ ਵਰਤੀ, ਕੁਝ ਦਿਨਾਂ ਦੇ ਜੀਵਨ ਨਾਲ ਪਿਆਰ ਕਰਕੇ ਝੂਠ ਬੋਲਿਆ । ਅੰਤ ਰੱਬ ਦੇ ਵਾਦੇ ਅਨੁਸਾਰ ਤਾਊਨ ਨਾਲ ਮਾਰਿਆ ਗਿਆ । ਫਿਰ ਇਸ ਤੋਂ ਬਾਦ ਇਕ ਵਿਅਕਤੀ ਮੁਹਮੱਦ ਬਖ਼ਸ਼ ਜੋ ਡਿਪਟੀ ਇੰਸਪੈਕਟਰ ਬਟਾਲਾ ਸੀ ਦੁਸ਼ਮਨੀ ਤੇ ਦੁੱਖ ਪਹੁੰਚਾਉਣ ਲਈ ਲੱਕ ਬੰਨ੍ਹੀ ਰਹਿੰਦਾ ਉਹ ਵੀ ਤਾਊਨ ਨਾਲ ਮਾਰਿਆ ਗਿਆ । ਇਸ ਤੋਂ ਬਾਦ ਇਕ ਮਨੁੱਖ ਚਰਾਗ਼ ਦੀਨ ਵਾਸੀ ਜੰਮੂ ਉਠਿਆ ਜੋ ਰਸੂਲ ਹੋਣ ਦਾ ਦਾਵਾ ਕਰਦਾ ਸੀ ਜਿਸ ਨੇ ਮੇਰਾ ਨਾਂ ਦਜੱਾਲ ਰੱਖਿਆ ਸੀ ਅਤੇ ਕਹਿੰਦਾ ਸੀ ਕਿ ਹਜ਼ਰਤ ਈਸਾ ਨੇ ਮੈਂਨੂੰ ਸੁਪਨੇ ਵਿੱਚ 'ਅਸਾ' (ਸੋਟਾ) ਦਿੱਤਾ ਹੈ ਤਾਂ ਜੋ ਮੈਂ ਈਸਾ ਦੇ ਅਸਾ ਨਾਲ ਇਸ ਦਜੱਾਲ ਨੂੰ ਮਾਰ ਮੁਕਾਵਾਂ । ਸੋ, ਉਹ ਵੀ ਮੇਰੀ ਇਸ ਪੇਸ਼ਗੋਈ ਅਨੁਸਾਰ ਜੋ ਵਿਸੇਸ਼ ਕਰਕੇ ਉਸ ਦੇ ਹੱਕ ਵਿੱਚ ਰਸਾਲਾ "ਦਾਫ਼ਿਉਲ ਬਲਾਅ ਵ ਮਿਆਰ ਅਹਲੁਲ ਅਸਤਫ਼ਾ" ਵਿੱਚ ਉਸ ਦੇ ਜੀਵਨ ਕਾਲ ਵਿੱਚ ਹੀ ਪ੍ਰਕਾਸ਼ਤ ਕੀਤੀ ਗਈ ਸੀ । 4 ਅਪ੍ਰੈਲ 1906 ਈ. ਨੂੰ ਆਪਣੇ ਦੋਹਾਂ ਪੁਤੱਰਾਂ ਸਣੇ ਤਾਊਨ ਨਾਲ ਮਾਰਿਆ ਗਿਆ । ਕਿੱਥੇ ਗਿਆ ਈਸਾ ਦਾ 'ਅਸਾ' ਜਿਸ ਦੇ ਨਾਲ ਉਹ ਮੈਂਨੂੰ ਮਾਰਦਾ ਸੀ ? ਅਤੇ ਕਿੱਥੇ ਗਿਆ ਉਸ ਦਾ ਇਲਹਾਮ 'ਇੱਨੀ ਲਿਮਨ ਮੁਰਸਿਲੀਨ' । ਦੁੱਖ ਦੀ ਗੱਲ ਹੈ ਅਧਿਕਤਰ ਲੋਕ ਨਫ਼ਸ ਦੀ ਪੜਚੋਲ ਤੋਂ ਪਹਿਲਾਂ ਹੀ ਨਫ਼ਸ ਦੀਆਂ ਘੜੀਆਂ ਹਦੀਸਾਂ ਨੂੰ ਹੀ ਇਲਹਾਮ ਮਿੱਥ ਲੈਂਦੇ ਹਨ । (ਅਰਥਾਤ ਆਪਣੇ ਨਫ਼ਸ (ਆਪੇ) ਨੂੰ ਪਾਕ ਕਰਨ ਤੋਂ ਪਹਿਲਾਂ ਹੀ, ਆਪਣੇ ਨਫ਼ਸ ਦੀ ਪੜਚੋਲ ਕਰਨ ਤੋਂ ਪਹਿਲਾਂ ਹੀ ਇਹ ਸਮਝ ਲੈਂਦੇ ਹਨ ਕਿ ਅਸੀਂ ਬਹੁਤ ਪਾਕ ਹੋ ਗਏ ਹਾਂ ਅਤੇ ਜੋ ਉਹਨਾਂ ਦੇ ਸਫ਼ਸ ਦੀਆਂ ਇੱਛਾਵਾਂ ਹਨ ਉਹਨਾਂ ਨੂੰ ਹੀ ਇਲਹਾਮ ਸਮਝਣ ਲੱਗ ਜਾਂਦੇ ਹਨ ) ਫ਼ਰਮਾਇਆ, ਇਸ ਲਈ ਅੰਤ ਨੂੰ ਜ਼ਿਲੱਤ ਤੇ ਰੁਸਵਾਈ ਨਾਲ ਉਹਨਾਂ ਦੀ ਮੌਤ ਹੁੰਦੀ ਹੈ ਅਤੇ ਉਹਨਾਂ ਬਿਨਾ ਹੋਰ ਵੀ ਕਈ ਲੋਕ ਹਨ ਜੋ ਦੁੱਖ ਪਹੁੰਚਾਉਂਣ ਤੇ ਖੰਡਨ ਵਿੱਚ ਹੋਰ ਵੀ ਵੱਧ ਗਏ ਸਨ ਅਤੇ ਰੱਬ ਦੇ ਕਹਿਰ ਤੋਂ ਨਹੀਂ ਡਰਦੇ ਸਨ ਅਤੇ ਦਿਨ ਰਾਤ ਹਾਸੇ ਠੱਠੇ ਤੇ ਗਾਲ੍ਹਾਂ ਕੱਢਣੀਆਂ ਉਹਨਾਂ ਦਾ ਕਾਰਜ ਸੀ ਅੰਤ ਤਾਊਨ ਦਾ ਸ਼ਿਕਾਰ ਹੋਕੇ ਮਾਰੇ ਗਏ ।

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ :

ਮੈਂਨੂੰ ਭੇਜਿਆ ਗਿਆ ਹੈ ਤਾਂ ਜੋ ਮੈਂ ਹਜ਼ਰਤ ਮੁਹਮੱਦ ਸਲਲੱਾਹੂ ਅਲੈਹਿ ਵਸਲੱਮ ਦੀ ਗੁੰਮ ਹੋਈ ਅਜ਼ਮਤ ਤੇ ਮਹਾਨਤਾ ਨੂੰ ਮੁੜ ਤੋਂ ਕਾਇਮ ਕਰਾਂ ਅਤੇ ਕੁਰਆਨ ਕਰੀਮ ਦੀ ਸਚੱਾਈ ਦੁਨੀਆ ਨੂੰ ਦਿਖਾਵਾਂ ਅਤੇ ਇਹ ਸਾਰੇ ਕਾਰਜ ਹੋ ਰਹੇ ਹਨ । ਪਰ ਜਿੰਨ੍ਹਾ ਦੀਆਂ ਅੱਖਾਂ'ਤੇ ਪੱਟੀ ਬਨ੍ਹੀ ਹੋਈ ਹੈ ਉਹ ਇਸ ਨੂੰ ਦੇਖ ਨਹੀਂ ਸਕਦੇ, ਜੱਦ ਕਿ ਹੁਣ ਇਹ ਸਿਲਸਿਲਾ ਸੂਰਜ ਵਾਂਗ ਰੋਸ਼ਨ ਹੋ ਗਿਆ ਹੈ ਅਤੇ ਇਸ ਦੀਆ ਆਇਤਾਂ ਤੇ ਚਮਤਕਾਰਾਂ ਦੇ ਐਨ੍ਹੇ ਲੋਕ ਗਵਾਹ ਹਨ ਕਿ ਜੇਕਰ ਇਹਨਾਂ ਨੂੰ ਇਕ ਥਾਂ ਉਪੱਰ ਇਕਤੱਰ ਕੀਤਾ ਜਾਵੇ ਤਾਂ ਉਹਨਾਂ ਦੀ ਗਿਣਤੀ ਐਨ੍ਹੀ ਹੋਵੇ ਕਿ ਇਸ ਧਰਤੀ ਉਪੱਰ ਕਿਸੇ ਬਾਦਸ਼ਾਹ ਦੀ ਫ਼ੌਜ ਵੀ ਨਹੀਂ ਹੈ

ਫਿਰ ਆਪ ਨੇ ਇਕ ਹੋਰ ਥਾਂ ਫ਼ਰਮਾਇਆ ਕਿ :

ਖ਼ੁਦਾ ਨੇ ਮੈਂਨੂੰ ਸੁਧਾਰ ਕਰਨ ਲਈ ਸੁਧਾਰਕ ਬਣਾ ਕੇ ਭੇਜਿਆ ਹੈ ਅਤੇ ਮੇਰੇ ਹੱਥਾਂ ਰਾਹੀਂ ਉਹ ਚਮਤਕਾਰ ਦਿਖਾਏ ਕਿ ਜੇਕਰ ਅਜਿਹੇ ਲੋਕਾਂ ਨੂੰ ਸੂਚਨਾ ਮਿਲੇ ਜਿੰਨ੍ਹਾ ਦੇ ਸੁਭਾਵ ਕੀਨਿ ਤੋਂ ਪਾਕ ਅਤੇ ਮਨਾਂ ਵਿੱਚ ਰੱਬ ਦਾ ਖ਼ੌਫ਼ ਹੈ ਅਤੇ ਚੰਗੀ ਸੋਚ ਨਾਲ ਕੰਮ ਲੈਣ ਵਾਲੇ ਹਨ ਤਾਂ ਉਹ ਇਹਨਾਂ ਚਮਤਕਾਰਾਂ ਨਾਲ ਇਸਲਾਮ ਦੀ ਵਾਸਤਵਿਕਤਾ ਬਖ਼ੂਬੀ ਸ਼ਨਾਖ਼ਤ ਕਰ ਲੈਣਗੇ । ਉਹ ਚਮਤਕਾਰ ਇਕ ਦੋ ਨਹੀਂ ਸਗੋਂ ਹਜ਼ਾਰਾਂ ਹੀ ਚਮਤਕਾਰ ਹਨ ਜਿੰਨ੍ਹਾ ਵਿੱਚੋਂ ਕੁਝ ਅਸੀਂ ਆਪਣੀ ਕਿਤਾਬ ਹਕੀਕਾਤੁਲ ਵਹੀ ਵਿੱਚ ਲਿੱਖ ਚੁਕੇ ਹਾਂ । ਜੱਦ ਹਿਜਰੀ ਸਨ ਦੀ ਤੇਰ੍ਹਵੀਂ ਸਦੀ ਖ਼ਤਮ ਹੋ ਚੁਕੀ ਤਾਂ ਖ਼ੁਦਾ ਨੇ ਚੌਦਵੀਂ ਸਦੀ ਸਿਰੇ ਉਪੱਰ ਮੈਂਨੂੰ ਆਪਣੇ ਵੱਲੋਂ ਮਾਮੂਰ (ਸੁਧਾਰਕ ਬਣਾ ਕੇ) ਕਰਕੇ ਭੇਜਿਆ ਅਤੇ ਆਦਮ ਤੋਂ ਲੈਕੇ ਅੰਤ ਤੱਕ ਜਿੰਨ੍ਹੇ ਵੀ ਨਬੀ ਲੰਘੇ ਹਨ ਸਾਰਿਆਂ ਦੇ ਨਾਂ ਮੇਰੇ ਨਾਂ ਰੱਖ ਦਿੱਤੇ ਅਤੇ ਸਭ ਤੋਂ ਅੰਤਮ ਨਾਂ ਮੇਰਾ ਈਸਾ ਮਊਦ, ਅਹਮਦ ਅਤੇ ਮੁਹਮੱਦ ਮਾਹੂਦ ਰੱਖਿਆ । ਦੋਵੇਂ ਨਾਂਵਾਂ ਦੇ ਨਾਲ ਨਾਲ ਵਾਰ ਵਾਰ ਮੈਂਨੂੰ ਸੰਬੋਧਨ ਕੀਤਾ । ਇਹਨਾਂ ਦੋਹਾਂ ਨਾਂਵਾਂ ਨੂੰ ਦੂਜੇ ਸ਼ਬਦਾਂ ਵਿੱਚ ਮਸੀਹ ਤੇ ਮਹਦੀ ਕਰਕੇ ਵਰਨਣ ਕੀਤਾ ਗਿਆ ਅਤੇ ਜੋ ਚਮਤਕਾਰ ਦਿੱਤੇ ਗਏ, ਉਹਨਾਂ ਵਿੱਚੋਂ ਕਈ ਉਹ ਪੇਸ਼ਗੋਈਆਂ ਹਨ ਵੱਡੇ ਵੱਡੇ ਗ਼ੈਬੀ ਕਾਰਜਾਂ ਉਪੱਰ ਅਧਾਰਤ ਹਨ ਕਿ ਬਿਨਾਂ ਰੱਬ ਦੇ ਕਿਸੇ ਦੇ ਵੀ ਅਧਿਕਾਰ ਤੇ ਕੁਦਰਤ ਵਿੱਚ ਨਹੀਂ ਕਿ ਓਹਨਾਂ ਨੂੰ ਬਿਆਨ ਕਰ ਸਕੇ । ਕੁਝ ਦੁਆਵਾਂ ਹਨ ਜੋ ਪਰਵਾਨ ਹੋਣ ਦੇ ਬਾਦ ਸੂਚਨਾ ਦਿੱਤੀ ਗਈ; ਕੁਝ ਬਦ ਦੁਆਵਾਂ ਹਨ ਜਿੰਨ੍ਹਾਂ ਕਰਕੇ ਸ਼ਰੀਰ ਵੈਰੀ ਹਲਾਕ ਕੀਤੇ ਗਏ; ਕੁਝ ਦੁਆਵਾਂ ਇਸ ਪ੍ਰਕਾਰ ਦੀਆਂ ਹਨ ਜੋ ਸਫ਼ਾਰਸ਼ ਵਾਂਗ ਹਨ, ਇਹਨਾਂ ਦਾ ਮਰਤਬਾ ਦੁਆ ਤੋਂ ਵੱਧ ਕੇ ਹੈ; ਕੁਝ ਮੁਬਾਹਿਲੇ (ਅਧਿਆਤਮਕ ਵਾਦ ਵਿਵਾਦ) ਹਨ ਜਿੰਨ੍ਹਾਂ ਦਾ ਪਰਿਣਾਮ ਇਹ ਹੋਇਆ ਕਿ ਖ਼ੁਦਾ ਨੇ ਦੁਸ਼ਮਣਾ ਨੂੰ ਹਲਾਕ ਤੇ ਜ਼ਲੀਲ ਕੀਤਾ; ਕੁਝ ਜ਼ਮਾਨੇ ਦੇ ਮਹਾਪੁਰਖਾਂ ਦੀਆਂ ਉਹ ਗਵਾਹੀਆਂ ਹਨ ਜਿੰਨ੍ਹਾ ਨੇ ਖ਼ੁਦਾ ਤੋਂ ਇਲਹਾਮ ਪ੍ਰਾਪਤ ਕਰਕੇ ਮੇਰੀ ਸਚੱਾਈ ਦੀ ਗਵਾਹੀ ਦਿੱਤੀ; ਕੁਝ ਅਜਿਹੇ ਇਸਲਾਮ ਦੇ ਮਹਾਪੁਰੁਖਾਂ ਦੀਆਂ ਗਵਾਹੀਆਂ ਹਨ ਜੋ ਮੇਰੇ ਪ੍ਰਗਟ ਹੋਣ ਤੋਂ ਪਹਿਲਾਂ ਫ਼ੌਤ ਹੋ ਚੁਕੇ ਸਨ, ਜਿੰਨ੍ਹਾ ਨੇ ਮੇਰਾ ਨਾਂ ਲੈਕੇ ਅਤੇ ਮੇਰੇ ਪਿੰਡ ਦਾ ਨਾਂ ਲੈਕੇ ਗਵਾਹੀ ਦਿੱਤੀ ਸੀ ਕਿ ਉਹ ਮਸੀਹ ਮਊਦ ਹੈ ਜੋ ਛੇਤੀ ਆਉਣ ਵਾਲਾ ਹੈ; ਕਈਆਂ ਨੇ ਅਜਿਹੇ ਸਮੇਂ ਮੇਰੇ ਪ੍ਰਗਟ ਹੋਣ ਦੀ ਖ਼ਬਰ ਦਿੱਤੀ ਜੱਦਕਿ ਮੈਂ ਅਜੇ ਪੈਦਾ ਵੀ ਨਹੀਂ ਹੋਇਆ ਸੀ; ਕਈਆਂ ਨੇ ਮੇਰੇ ਪ੍ਰਗਟ ਹੋਣ ਬਾਰੇ ਅਜਿਹੇ ਸਮੇਂ ਖ਼ਬਰ ਦਿੱਤੀ ਜੱਦ ਕਿ ਮੇਰੀ ਉਮਰ ਸ਼ਾਇਦ ਦਸ ਜਾਂ ਬਾਰ੍ਹਾਂ ਵਰ੍ਹਿਆਂ ਦੀ ਹੋਵੇਗੀ ਅਤੇ ਆਪਣੇ ਕਈ ਮੁਰੀਦਾਂ ਨੂੰ ਦੱਸ ਦਿੱਤਾ ਸੀ ਕਿ ਤੁਸੀਂ ਐਨ੍ਹੀ ਉਮਰ ਪਾਓਗੇ (ਉਹਨਾਂ ਮਹਾਪੁਰਖਾਂ ਨੇ ਕਈ ਮੁਰੀਦਾਂ ਨੂੰ ਦੱਸ ਦਿੱਤਾ ਸੀ) ਕਿ ਤੁਸੀਂ ਐਨ੍ਹੀ ਉਮਰ ਪਾਓਗੇ ਕਿ ਉਹਨਾਂ ਨੂੰ ਦੇਖ ਲਓਗੇ । ਜੋ ਮਹਦੀ ਮਊਦ ਦੇ ਜ਼ਮਾਨੇ ਦੀਆਂ ਨਿਸ਼ਾਨੀਆਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੇ ਦੱਸੀਆਂ ਸਨ ਜਿਵੇਂ ਕਿ ਇਸ ਯੁੱਗ ਵਿੱਚ ਕੁਸੂਫ਼ੋ-ਖ਼ੁਸੂਫ਼ (ਸੂਰਜ ਅਤੇ ਚੰਨ੍ਹ ਦਾ ਰਮਜ਼ਾਨ ਦੇ ਮਹੀਨਿ ਵਿੱਚ ਗ੍ਰਹਿਣ ਲਗਣਾ) ਰਮਜ਼ਾਨ ਦੇ ਮਹੀਨਿ ਵਿੱਚ ਹੋਣਾ ਅਤੇ ਤਾਊਨ (ਪਲੇਗ) ਦਾ ਦੇਸ਼ ਵਿੱਚ ਫ਼ੈਲਣਾ ਆਦਿ ਇਹ ਸਾਰੀਆਂ ਗਵਾਹੀਆਂ ਮੇਰੇ ਲਈ ਪ੍ਰਗਟ ਵਿੱਚ ਆ ਗਈਆਂ ਅਤੇ ਉਸ ਸਮੇਂ ਤੱਕ ਮੈਂ ਚੌਦਵੀਂ ਸਦੀ ਵੀ ਚੌਥਾ ਭਾਗ ਪਾ ਲਿਆ । ਐਨ੍ਹੀਆਂ ਦਲੀਲਾਂ ਅਤੇ ਗਵਾਹੀਆਂ ਹਨ ਕਿ ਜੇਕਰ ਉਹ ਸਾਰੀਆਂ ਲਿੱਖੀਆ ਜਾਣ ਤਾਂ ਹਜ਼ਾਰਾਂ ਕਿਤਾਬਾਂ ਵਿੱਚ ਵੀ ਸਮਾਉ ਨਹੀਂ ਸਕਦੀ ।

ਹਜ਼ੂਰ ਅਨਵਰ ਨੇ ਫ਼ਰਮਾਇਆ, ਹੁਣ ਮੈਂ ਅਹਮਦੀਅਤ ਕੁਬੂਲ ਕਰਨ ਦੀਆਂ ਕੁਝ ਘਟਨਾਵਾਂ ਵਰਨਣ ਕਰਦਾ ਹਾਂ । ਕਿਵੇਂ ਅਲੱਾਹ ਤਆਲਾ ਨੇ ਲੋਕਾਂ ਦਾ ਮਾਰਗਦਰਸ਼ਨ ਕੀਤਾ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਜ਼ਮਾਨੇ ਵਿੱਚ :

ਹਜ਼ਰਤ ਸ਼ੇਖ਼ ਅਫ਼ਜ਼ਲ ਸਾਹਬ ਫ਼ਰਮਾਉਂਦੇ ਹਨ ਕਿ ਜਿਸ ਸਮੇਂ ਮੇਰੀ ਉਮਰ ਬਾਰ੍ਹਾਂ ਵਰ੍ਹਿਆਂ ਦੀ ਸੀ, ਭਾਵੇਂ ਸਾਡੇ ਪਰਿਵਾਰ ਵਿੱਚ ਮੇਰੇ ਤਾਇਆ ਹਕੀਮ ਸ਼ੇਖ਼ ਇਬਾਦੁੱਲਾਹ ਸਾਹਬ ਅਤੇ ਮੇਰੇ ਤਾਏ ਦਾ ਪੁਤੱਰ ਭਾਈ ਸ਼ੇਖ਼ ਕਰਮ ਇਲਾਹੀ ਸਾਹਬ ਨੇ ਹਜ਼ਰਤ ਸਾਹਬ ਦੀ ਬੈਅਤ ਕੀਤੀ ਹੋਈ ਸੀ ਪਰ ਸੇਵਕ ਨੇ ਤਾਂ ਨ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਦੇਖਿਆ ਸੀ ਅਤੇ ਨ ਹੀ ਹਜ਼ੂਰ ਦਾ ਫ਼ੋਟੋ ਦੇਖਿਆ ਸੀ । ਸੁਪਨਾ ਦੇਖਿਆ ਕਿ ਮੇਰੇ ਸਾਰੇ ਸ਼ਰੀਰ ਦੀ ਜਾਨ ਨਿਕਲ ਗਈ ਹੈ ਪਰ ਦਿਮਾਗ ਵਿੱਚ ਸਮਝਣ ਦੀ ਤੇ ਅੱਖਾਂ ਵਿੱਚ ਦੇਖਣ ਦੀ ਸ਼ਕਤੀ ਬਾਕੀ ਹੈ । ਮੇਰੇ ਸਾਹਮਣੇ ਇਕ ਬੁਜ਼ੁਰਗ (ਮਹਾਪੁਰਖ) ਬੈਠੇ ਹਨ ਅਤੇ ਉਹਨਾਂ ਦੇ ਪਿੱਛੇ ਗੋਡਿਆਂ ਤੱਕ ਪਵਿਤੱਰ ਚਰਣ ਦਿਖਾਈ ਦੇ ਰਹੇ ਹਨ (ਅਰਥਾਤ ਉਹਨਾਂ ਦੇ ਪਿੱਛੇ ਇਕ ਬਜ਼ੁਰਗ ਬੈਠੇ ਹਨ ਅਤੇ ਪਿੱਛੇ ਗੋਡਿਆਂ ਤੱਕ ਪਵਿਤੱਰ ਚਰਣ ਦਿਖਾਈ ਦੇ ਰਹੇ ਹਨ ) ਮੇਰੇ ਦਿਲ ਵਿੱਚ ਪਾਇਆ ਗਿਆ ਕਿ ਇਹ ਬੁਜ਼ੁਰਗ ਜੋ ਬੈਠੇ ਹਨ ਤੇਰੇ ਵੱਲ ਦੇਖ ਰਹੇ ਹਨ, ਮਿਰਜ਼ਾ ਸਾਹਬ ਹਨ ਅਤੇ ਪਿਛਲੇ ਪਾਸੇ ਜੋ ਪਵਿਤੱਰ ਚਰਣ ਦਿਖਾਈ ਦੇ ਰਹੇ ਹਨ, ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਹਨ । ਮੇਰੀ ਅੱਖ ਖੁੱਲ

ਗਈ । ਸਵੇਰੇ ਮੈਂ ਮੁਰਤਜ਼ਾ ਖਾਨ ਪੁਤੱਰ ਅਬਦੁਲੱਾਹ ਖਾਨ ਜੋ ਇਹਨੀ ਦਿਨੀ ਲਾਹੌਰੀ ਜਮਾਤ ਵਿੱਚ ਸ਼ਮਾਲ ਹਨ, ਕੋਲੋਂ ਸੁਵਪਨਫ਼ਲ ਪੁੱਛਿਆ ਤਾਂ ਉਹਨਾਂ ਨੇ ਫ਼ਰਮਾਇਆ ਕਿ ਤੈਨੂੰ ਮਿਰਜ਼ਾ ਸਾਹਬ ਰਾਹੀਂ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੀ ਪੈਰ੍ਹਵੀ ਹਾਸਲ ਹੋਵੇਗੀ । ਸੋ, ਅਜਿਹਾ ਹੀ ਹੋਇਆ ਅਤੇ ਮੈਂ ਰੱਬ ਦੀ ਸਹੁੰ ਖਾਕੇ ਲਿੱਖਦਾ ਹਾਂ ਕਿ ਜੱਦ 1905 ਈ. ਵਿੱਚ ਮੈਂ ਬੈਅਤ ਕੀਤੀ ਸੀ ਤਾਂ ਹਜ਼ੂਰ ਉਹੋ ਸਨ ਜੋ ਸੁਪਨੇ ਵਿੱਚ ਮੇਰੀ ਵੱਲ ਦੇਖ ਰਹੇ ਸਨ । ਇਸ ਪ੍ਰਕਾਰ ਰੱਬ ਜਿਸ ਨੂੰ ਚਾਹੁੰਦਾ ਹੈ ਸੱਚਾ ਮਾਰਗ ਦਿਖਾਉਂਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਆਪ ਦੀ ਇਹ ਪੇਸ਼ਗੋਈ ਅੱਜ ਵੀ ਕਿੰਨ੍ਹੀ ਸ਼ਾਨ ਨਾਲ ਪੂਰੀ ਹੋ ਰਹੀ ਹੈ ਅਤੇ ਅਲੱਾਹ ਤਆਲਾ ਕਿਵੇਂ ਚਮਤਕਾਰ ਦਿਖਾ ਰਿਹਾ ਹੈ । ਹਜ਼ਾਰਾਂ ਹੀ ਮੀਲ ਦੂਰ ਰਹਿਣ ਵਾਲੇ ਵੀ ਇਸ ਗੱਲ ਦੇ ਗਵਾਹ ਹਨ । ਕਿਵੇਂ ਰੱਬ ਉਹਨਾਂ ਦੀ ਰਹਿਨੁਮਾਈ ਫ਼ਰਮਾਉਂਦਾ ਹੈ । ਓਹਨਾਂ ਦੀਆਂ ਵੀ ਕੁਝ ਘਟਨਾਵਾਂ ਪੇਸ਼ ਕਰਦਾ ਹਾਂ :-

ਮਾਲੀ ਦੇ ਖੇਤਰ ਬਾਲਾ(Bala) ਵਿੱਚ ਤੇਜਾਨੀਆ ਫ਼ਿਰਕੇ ਦੇ ਵੱਡੇ ਇਮਾਮ ਸਾਹਬ ਹਨ ਉਹਨਾਂ ਦੇ ਪਿਤਾ ਰਾਹੀਂ ਇਸ ਖੇਤਰ ਦੇ 93 ਪਿੰਡ ਮੁਸਲਮਾਨ ਹੋਏ ਸਨ । ਆਪਣੇ ਪਿਤਾ ਦੀ ਮੌਤ ਮਗਰੋ ਇਹ ਉਤੱਰਾਧਿਕਾਰੀ ਬਣੇ ਅਤੇ ਕੁਝ ਸਮਾਂ ਪਹਿਲਾਂ ਰੱਬ ਦੀ ਅਪਾਰ ਕ੍ਰਿਪਾ ਨਾਲ ਅਹਮਦੀਅਤ ਕੁਬੂਲ ਕਰਨ ਦਾ ਮਾਣ ਪ੍ਰਾਪਤ ਹੋਇਆ । ਆਦਮ ਸਾਹਬ ਬਿਆਨ ਕਰਦੇ ਹਨ ਕਿ ਉਹਨਾਂ ਨੇ ਸੁਪਨੇ ਵਿੱਚ ਦੇਖਿਆ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਉਹਨਾਂ ਦੇ ਘਰ ਉਹਨਾਂ ਦੇ ਕਮਰੇ ਵਿੱਚ ਆਏ ਹੋਏ ਹਨ । ਉਹ ਹਜ਼ੂਰ ਨਾਲ ਕਮਰੇ ਵਿੱਚ ਹਨ ਜੱਦ ਕਿ ਬਾਹਰ ਬਹੁਤ ਓਲਮਾ (ਧਾਰਮਕ ਵਿਦਵਾਨ) ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਉਡੀਕ ਰਹੇ ਹਨ । ਉਹ ਕਹਿੰਦੇ ਹਨ ਕਿ ਮੈਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਸੇਵਾ ਵਿੱਚ ਬਿਨਤੀ ਕੀਤੀ ਕਿ ਬਾਹਰ ਓਲਮਾ ਆਪ ਜੀ ਨੂੰ ਉਡੀਕ ਰਹੇ ਹਨ । ਹਜ਼ੂਰ ਬਾਹਰ ਆਉਂਦੇ ਹਨ ਅਤੇ ਸਾਰੇ ਗ਼ੈਰ ਅਹਮਦੀ ਓਲਮਾਵਾਂ ਦੇ ਸਿਰੋਂ ਟੋਪੀ ਲਾਹ ਦਿੰਦੇ ਹਨ ਅਤੇ ਕੇਵਲ ਮੇਰੇ ਸਿਰ ਉਪੱਰ ਟੋਪੀ ਰਹਿਣ ਦਿੰਦੇ ਹਨ ।

ਅਹਮਦੀਅਤ ਕੁਬੂਲ ਕਰਨ ਦੇ ਬਾਦ ਇਹ ਸਾਡੇ ਮੁਅੱਲੇਮੀਨ (ਪ੍ਰਚਾਰਕ) ਨਾਲ ਆਪਣੇ ਮੁਰੀਦਾਂ ਦੇ ਜਿੰਨ੍ਹੇ ਵੀ ਪਿੰਡ ਸਨ, ਉਸ ਥਾਂ ਉਹਨਾਂ ਦੇ ਮੁਰੀਦਾਂ ਦੇ ਕਈ ਪਿੰਡ ਹਨ, ਉੱਥੇ ਪਿੰਡ ਪਿੰਡ ਜਾਂਦੇ ਹਨ । ਰੱਬ ਦੀ ਅਪਾਰ ਕ੍ਰਿਪਾ ਤੇ ਮਿਹਰ ਨਾਲ ਚਾਲ੍ਹੀ ਤੋਂ ਵੱਧ ਪਿੰਡ ਅਹਮਦੀਅਤ ਕੁਬੂਲ ਕਰ ਚੁਕੇ ਹਨ ।

ਫਿਰ ਬੁਰਕੀਨਾ ਫ਼ਾਸੋ ਦੇ ਇਕ ਜਯਾਰਾ ਬੁਖ਼ਾਰੀ ਸਾਹਬ ਨੇ ਰੇਡੀਓ ਵਿੱਚ ਫੋਨ ਕੀਤਾ, ਉੱਥੇ ਸਾਡੇ ਕਈ ਰੇਡੀਓ ਸਟੇਸ਼ਨ ਕੰਮ ਕਰਦੇ ਹਨ, ਕਿ ਮੈਂ ਆਪਦਾ ਪ੍ਰਚਾਰ ਸੁਣਿਆ, ਜਿਸ ਵਿੱਚ ਕਿਹਾ ਗਿਆ ਸੀ ਕਿ ਜੇਕਰ ਆਪਨੇ ਇਹ ਦੇਖਣਾ ਹੋਵੇ ਕਿ ਇਮਾਮ ਮਹਦੀ ਜੋ ਆਉਂਣ ਵਾਲਾ ਹੈ ਉਹ ਇਹੋ ਹੈ ਜਾਂ ਨਹੀਂ ਤਾਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਇਸ ਦੇ ਲਈ ਇਹ ਫ਼ੈਸਲੇ ਦਾ ਤਰੀਕਾ ਦੱਸਿਆ ਹੈ ਕਿ ਇਸ ਬਾਰੇ ਇਸਤਖ਼ਾਰਾ ਕਰੋ । ਇਸ ਲਈ ਮੈਂ ਵੀ ਉਸ ਦਿਨ ਤੋਂ ਇਸਤਖ਼ਾਰਾ ਸ਼ੁਰੂ ਕਰ ਦਿਤੱਾ ਅਤੇ ਇਸਤਿਖ਼ਾਰਾ ਕਰਦਿਆਂ ਹੋਇਆਂ ਇਕ ਸਪਤਾਹ ਹੀ ਲੰਘਿਆ ਸੀ ਕਿ ਮੈਂ ਸੁਪਨੇ ਵਿੱਚ ਇਕ ਟੈਂਟ ਹੇਠਾਂ ਦੋ ਨੂਰਾਨੀ ਵਿਅਕਤੀਆਂ ਨੂੰ ਦੇਖਿਆ । ਸੁਪਨੇ ਵਿੱਚ ਹੀ ਉਹਨਾਂ ਦੇ ਮਿਤੱਰ ਨੇ ਕਿਹਾ ਜੋ ਸੱਜੇ ਪਾਸੇ ਹਨ ਉਹ ਇਮਾਮ ਮਹਦੀ ਹਨ ਅਤੇ ਦੂਜੇ ਵਿਅਤੀ ਦਾ ਉਹਨਾਂ ਨੂੰ ਪਤਾ ਨਹੀਂ ਲੱਗਾ । ਉਹ ਕਹਿੰਦੇ ਹਨ ਇਸ ਤੋਂ ਬਾਦ ਉਹਨਾਂ'ਤੇ ਸਪਸ਼ਟ ਹੋ ਗਿਆ ਕਿ ਆਉਣ ਵਾਲਾ ਇਮਾਮ ਮਹਦੀ ਸਚੱਾ ਹੈ । ਜੇਕਰ ਉਹ ਨਊਜ਼ ਬਿੱਲਾਹ (ਰੱਬ ਨ ਕਰੇ) ਝੂਠਾ ਹੁੰਦਾ ਤਾਂ ਮੇਰੇ ਇਸਤਿਖ਼ਾਰੇ ਦੇ ਉਤੱਰ ਵਿੱਚ ਮੇਰੇ ਸੁਪਨੇ ਵਿੱਚ ਕਿਵੇਂ ਆ ਜਾਂਦਾ । ਇਸ ਲਈ ਮੈਂ ਬੈਅਤ ਕਰ ਲਈ ।

ਫ਼ਿਰ ਮਿਸਰ ਤੋਂ ਇਕ ਇਸਤਰੀ ਲਿੱਖਦੀ ਹਨ ਕਿ ਮੈਂਨੂੰ ਉਹਨਾਂ ਨੇ ਲਿੱਖਿਆ ਕਿ ਖ਼ੁਦਾ ਤਆਲਾ ਨੇ ਮੈਂਨੂੰ ਆਪਣੀ ਮਿਹਰ ਨਾਲ ਕੁਝ ਖ਼ੂਬੀਆਂ ਨਾਲ ਨਿਵਾਜਿਆ ਹੋਇਆ ਹੈ । ਸੋ, ਮੈਂ ਸੁਪਨੇ ਵਿੱਚ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਅਲੈਹਿ ਸਲਾਮ ਅਤੇ ਆਪਨੂੰ ਦੇਖਿਆ ਹੈ ਅਤੇ ਰੱਬ ਦੀ ਸਹੁੰ ਹੈ ਮੈਂਨੂੰ ਇਹ ਵੀ ਗਿਆਨ ਨਹੀਂ ਸੀ ਕਿ ਇਸ ਸਮੇਂ ਦੁਨੀਆ ਵਿੱਚ ਕੋਈ ਖ਼ਲੀਫ਼ਾ ਵੀ ਹੈ । ਮੈਂ ਕੇਵਲ ਇਸਤਿਖ਼ਾਰਾ ਕਰ ਰਹੀ ਸੀ ਤਾਂ ਖ਼ੁਦਾ ਤਆਲਾ ਨੇ ਮੈਂਨੂੰ ਇਹ ਦੋਵੇਂ ਸ਼ਖ਼ਸੀਯਤਾਂ ਦਿਖਾਈਆਂ ਪਰ ਸ਼ੈਤਾਨ ਨੇ ਮੈਂਨੂੰ ਬਹਿਕਾਵੇ ਵਿੱਚ ਪਾ ਦਿੱਤਾ ਪਰ ਹੁਣ ਰੱਬ ਦਾ ਸ਼ੁਕਰ ਹੈ ਕਿ ਉਸ ਨੇ ਮੈਂਨੂੰ ਸਚੱਾਈ ਕੁਬੂਲ ਕਰਨ ਦੀ ਸ਼ਕਤੀ ਪ੍ਰਦਾਨ ਕੀਤੀ

ਅਤੇ ਉਸ ਭੁਲੇਖੇ'ਚੋਂ ਬਾਹਰ ਨਿਕਲ ਆਈ । ਮੇਰੀ ਪੱਕਿਆਈ ਤੇ ਬਖ਼ਸ਼ਿਸ਼ ਲਈ ਦੁਆ ਦੀ ਬੇਨਤੀ ਹੈ । ਰੱਬ ਓਹਨਾਂ ਨੂੰ ਪੱਕਿਆਈ ਬਖ਼ਸ਼ੇ ।

ਫਿਰ ਮਾਲੀ ਤੋਂ ਅਬਦੁਲੱਾਹ ਸਾਹਬ ਮੁਅੱਲਿਮ ਲਿੱਖਦੇ ਹਨ ਕਿ ਬਾਮਾਕੋ (Bamako) ਦੇ ਅਧਿਆਪਕ ਦਾਮਬਲੇ (Dambele) ਸਾਹਬ ਹਨ । ਉਹ ਅਹਮਦੀਅਤ ਦੇ ਕਟੱੜ ਵਿਰੋਧੀ ਸਨ । ਜੱਦ ਵੀ ਉਹ ਅਹਮਦੀਆ ਰੇਡੀਓ ਫੋਨ ਕਰਦੇ ਤਾਂ ਗਾਲ੍ਹਾਂ ਕਢੱਣ ਲੱਗ ਜਾਂਦੇ ਅਤੇ ਜੇਕਰ ਉਹਨਾਂ ਨੂੰ ਫੋਨ ਕੀਤਾ ਜਾਂਦਾ ਤਾਂ ਫਿਰ ਵੀ ਜਮਾਤ ਨੂੰ ਬਹੁਤ ਗਾਲ੍ਹਾਂ ਕਢੱਦੇ । ਇਉਂ ਕਰਦਿਆਂ ਉਹਨਾਂ ਨੂੰ ਵਾਹਵਾ ਸਮਾਂ ਲੰਘ ਗਿਆ । ਇਕ ਦਿਨ ਉਹਨਾਂ ਨੇ ਰੋਂਦਿਆਂ ਹੋਇਆ ਅਹਮਦੀਆ ਰੇਡੀਓ ਜਿਸ ਦਾ ਨਾਂ 'ਰਬਵਾ FM' ਹੈ ਟੈਲੀਫ਼ੋਨ ਕੀਤਾ ਅਤੇ ਦੱਸਿਆ ਕਿ ਉਹਨਾਂ ਨੇ ਇਕ ਰਾਤ ਪਹਿਲਾਂ ਹਜ਼ੂਰ ਅਕਦਸ ਮਸੀਹ ਮਊਦ ਅਲੈਹਿ ਸਲਾਮ ਨੂੰ ਸੁਪਨੇ ਵਿੱਚ ਦੇਖਿਆ ਸੀ ਅਤੇ ਜੋ ਨੂਰ ਉਸਨੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਨਾਲ ਦੇਖਿਆ ਹੈ ਉਹ ਪਹਿਲਾਂ ਕਦੇ ਨਹੀਂ ਦੇਖਿਆ ਸੀ । ਇਸ ਲਈ ਉਹ ਸੱਚੇ ਮਨ ਨਾਲ ਮੁਆਫ਼ੀ ਮੰਗਦੇ ਹਨ ਅਤੇ ਉਹ ਇਸ ਗੱਲ ਤੋਂ ਡਰਦੇ ਹਨ ਕਿ ਜੇਕਰ ਅਹਮਦੀਆਂ ਨੇ ਉਸ ਨੂੰ ਮੁਆਫ਼ ਨ ਕੀਤਾ ਤਾਂ ਖ਼ੁਦਾ ਵੀ ਮੈਂਨੂੰ ਮੁਆਫ਼ ਨਹੀਂ ਕਰੇਗਾ । ਇਸ'ਤੇ ਮੁਅੱਲਿਮ ਸਾਹਬ ਨੇ ਉਹਨਾਂ ਨੂੰ ਅਹਮਦੀਅਤ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਕਿ ਸਚੱਾਈ ਪ੍ਰਕਟ ਹੋ ਚੁਕੀ ਹੈ ਹੁਣ ਬੈਅਤ ਕਰ ਲਓ, ਸੋ, ਉਹਨਾ ਨੇ ਅਹਮਦੀਅਤ ਕੁਬੂਲ ਕਰ ਲਈ ਅਤੇ ਇਸ ਅਰਥਾਤ ਹਕੀਕੀ ਇਸਲਾਮ ਵਿੱਚ ਸ਼ਾਮਲ ਹੋਏ ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਹ ਸਭ ਅਲੱਾਹ ਤਆਲਾ ਦੀ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਹੱਕ ਵਿੱਚ ਸਹਾਇਤਾ ਤੇ ਚਮਤਕਾਰ ਹਨ । ਜੇਕਰ ਇਹਨਾ ਨੂੰ ਜੇਕਰ ਚਮਤਕਾਰ ਤੇ ਸਹਾਇਤਾ ਨ ਮਨ੍ਹੀਏ ਤਾਂ ਫ਼ਿਰ ਕੀ ਚੀਜ਼ ਹੈ ਜੋ ਲੋਕਾਂ ਦੇ ਮਨਾਂ ਵਿੱਚ ਇਕ ਹਲਚਲ ਮਚਾ ਰਿਹਾ ਹੈ । ਕਾਸ਼ ! ਕਿ ਦੂਜੇ ਮੁਸਲਮਾਨ ਵੀ ਇਸ ਗੱਲ ਨੂੰ ਸਮਝਣ ਅਤੇ ਸਚੱਾਈ ਨੂੰ ਜਾਨਣ ਲਈ ਦੁਆਵਾਂ ਕਰਨ । ਅਲੱਾਹ ਤਆਲਾ ਤੋਂ ਰਹਿਨੁਮਾਈ ਮੰਗਣ ਮੁਖ਼ਲਫ਼ਤ ਦੀ ਥਾਂ ਸੁਮਾਰਗ ਦੀ ਭਾਲ ਵਿੱਚ ਖੋਜ ਹੋਵੇ ਤਾਂ ਜੋ ਅਲੱਾਹ ਤਆਲਾ ਉਹਨਾ ਦੀ ਵੀ ਰਹਿਨੁਮਾਈ ਫ਼ਰਮਾਵੇ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ :

ਖ਼ੁਦਾ ਤਆਲਾ ਨੇ ਇਸ ਗੱਲ ਨੂੰ ਸਾਬਤ ਕਰਨ ਲਈ ਕਿ ਮੈਂ ਉਸ ਵੱਲੋਂ ਹਾਂ ਐਨ੍ਹੇ ਚਮਤਕਾਰ ਦਿਖਾਏ ਹਨ ਕਿ ਜੇਕਰ ਹਜ਼ਾਰ ਨਬੀਆਂ ਵਿੱਚ ਵੰਡੇ ਜਾਣ ਤਾਂ ਉਹਨਾਂ ਦੀ ਵੀ ਨਬੁਵੱਤ ਸਾਬਤ ਹੋ ਸਕਦੀ ਹੈ ਪਰ ਕਿਉਂਕਿ ਇਹ ਅੰਤਮ ਯੁੱਗ ਸੀ ਅਤੇ ਸ਼ੈਤਾਨ ਦਾ ਆਪਣੀ ਸਾਰੀ ਪਰਿਵਾਰਕ ਸ਼ਕਤੀਆਂ ਨਾਲ ਅੰਤਮ ਹਮਲਾ ਸੀ । ਇਸ ਲਈ ਸ਼ੈਤਾਨ ਨੂੰ ਪਰਾਜਿਤ ਕਰਨ ਲਈ ਹਜ਼ਾਰਾਂ ਹੀ ਚਮਤਕਾਰ ਇਕ ਥਾਂ ਇਕਤੱਰ ਕਰ ਦਿੱਤੇ ਗਏ ਪਰ ਫਿਰ ਵੀ ਜੋ ਲੋਕ ਮਨੁੱਖੀ ਰੂਪ ਵਿੱਚ ਸ਼ੈਤਾਨ ਹਨ, ਉਹ ਨਹੀਂ ਮਨ੍ਹਦੇ ਅਤੇ ਕੇਵਲ ਝੂਠ ਦੇ ਤੌਰ'ਤੇ ਅਜਾਈਂ ਹੀ ਇਤਰਾਜ਼ ਪੇਸ਼ ਕਰਦੇ ਰਹਿੰਦੇ ਹਨ ਅਤੇ ਚਾਹੁੰਦੇ ਹਨ ਕਿ ਕਿਸੇ ਵੀ ਪ੍ਰਕਾਰ ਖ਼ੁਦਾ ਦਾ ਇਹ ਸਿਲਸਿਲਾ (ਜਮਾਤ) ਨਾਬੂਦ (ਨਸ਼ਟ) ਹੋ ਜਾਵੇ, ਪਰ ਖ਼ੁਦਾ ਚਾਹੁੰਦਾ ਹੈ ਕਿ ਆਪਣੇ ਸਿਲਸਿਲੇ ਨੂੰ ਆਪਣੇ ਹੱਥੀਂ ਮਜ਼ਬੂਤ ਕਰੇ ਜੱਦ ਤੱਕ ਕਿ ਉਹ ਆਪਣੇ ਕਮਾਲ ਤੱਕ ਪਹੁੰਚ ਜਾਵੇ ।

ਅੰਤ ਵਿੱਚ ਫਿਰ ਮੁਸਲਮਾਨ ਉਮੱਤੇ ਮੁਸਲਿਮਾ ਅਤੇ ਮੁਸਲਮਾਨ ਦੇਸ਼ਾਂ ਲਈ ਦੁਆ ਦੀ ਬੇਨਤੀ ਕਰਾਂਗਾ । ਅਲੱਾਹ ਤਆਲਾ ਇਹਨਾਂ ਵਿੱਚ ਇਹਨਾਂ ਦੇਸ਼ਾਂ ਵਿੱਚ ਅਮਨ ਤੇ ਸਲਾਮਤੀ ਕਾਇਮ ਕਰੇ ਅਤੇ ਇਸ ਗੱਲ ਨੂੰ ਸਵੀਕਾਰ ਕਰ ਲੈਣ ਕਿ ਇਹ ਅਮਨ ਤੇ ਸ਼ਾਂਤੀ ਜੇਕਰ ਵਾਸਤਵ ਵਿੱਚ ਕਾਇਮ ਕਰਨੀ ਹੈ ਤਾਂ ਇਸ ਦਾ ਕੇਵਲ ਇਕ ਹੀ ਹੱਲ ਹੈ । ਅਲੱਾਹ ਤਆਲਾ ਨੇ ਜਿਸ ਨੂੰ ਇਮਾਮ ਮਹਦੀ ਬਣਾਕੇ ਭੇਜਿਆ ਹੈ, ਜਿਸ ਨੂੰ ਅਮਨ ਕਾਇਮ ਕਰਨ ਲਈ ਦੁਨੀਆ ਵਿੱਚ ਭੇਜਿਆ ਹੈ ਉਸਨੂੰ ਕੁਬੂਲ ਕਰ ਲੈਣ । ਇਸ ਮਸੀਹ ਮੁਹਮੱਦੀ ਦੀ ਪੈਰ੍ਹਵੀ ਕਰਨ ਜਿਸ ਦੀਆਂ ਪੇਸ਼ਗੋਈਆਂ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲੱਮ ਨੇ ਵੀ ਕੀਤੀਆਂ ਸਨ । ਇਹੋ ਇਕ ਹੱਲ ਹੈ ਜੋ ਉਹਨਾਂ ਦੀ ਨਿਜਾਤ (ਮੁਕਤੀ) ਦਾ ਸਾਧਨ ਹੈ ਅਤੇ ਇਸ ਫ਼ਿਤਨਿਆਂ, ਫ਼ਸਾਦਾਂ ਤੇ ਦੁੱਖਾਂ ਤੋਂ ਮੁਕਤੀ ਪਾ ਸਕਦੇ ਹਨ ਅਲੱਾਹ ਤਆਲਾ ਉਹਨਾਂ ਨੂੰ ਸ਼ਕਤੀ ਪ੍ਰਦਾਨ ਕਰੇ । ਆਮੀਨ ।